# ਮੁਲਾਜ਼ਮਾਂ ਦੇ ਹੱਕ

ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ (NLRA) ਦੇ ਘੇਰੇ ਹੇਠਲੇ ਮੁਲਾਜ਼ਮਾਂ ਨੂੰ ਯੂਨੀਅਨ ਨਾਲ ਜਾਂ ਬਿਨਾ ਯੂਨੀਅਨ ਆਪਣੀਆਂ ਉਜਰਤਾਂ ਅਤੇ ਕੰਮ ਦੀਆਂ ਸਥਿਤੀਆਂ ਬਿਹਤਰ ਬਣਾਉਣ ਲਈ ਮਿਲਕੇ ਕੰਮ ਕਰਨ ਦੇ ਕੁਝ ਹੱਕ ਦਿੱਤੇ ਗਏ ਹਨ।

**ਯੂਨੀਅਨ ਦੀ ਸਰਗਰਮੀ**

ਇਸ ਸਮੇਂ ਜੇ ਕੋਈ ਯੂਨੀਅਨ ਹੋਂਦ ਵਿੱਚ ਨਹੀਂ ਹੈ ਜਾਂ ਮੁਲਾਜ਼ਮਾਂ ਦੀ ਹਿਮਾਇਤ ਗੁਆ ਚੁੱਕੀ ਕੋਈ ਯੂਨੀਅਨ ਰੱਦ ਹੈ, ਤਾਂ ਮੁਲਾਜ਼ਮਾਂ ਨੂੰ ਇੱਕ ਯੂਨੀਅਨ ਬਣਾਉਣ ਦੀ ਕੋਸ਼ਿਸ਼ ਕਰਨ ਦਾ ਹੱਕ ਹੈ।

ਮੁਲਾਜ਼ਮ ਦੇ ਹੱਕਾਂ ਦੀਆਂ ਉਦਾਹਰਣਾਂ ਵਿੱਚ ਸ਼ਾਮਿਲ ਹਨ:

- ਆਪਣੀ ਕੰਮ ਵਾਲੀ ਥਾਂ ਵਿੱਚ ਯੂਨੀਅਨ ਬਣਾਉਣੀ ਜਾਂ ਬਣਾਉਣ ਦੀ ਕੋਸ਼ਿਸ਼ ਕਰਨੀ;
- ਕਿਸੇ ਯੂਨੀਅਨ ਵਿੱਚ ਸ਼ਾਮਿਲ ਹੋਣਾ, ਭਾਵੇਂ ਉਸ ਯੂਨੀਅਨ ਨੂੰ ਤੁਹਾਡੇ ਨੌਕਰੀਦਾਤਾ ਨੇ ਮਾਣਤਾ ਦਿੱਤੀ ਹੋਈ ਹੈ ਜਾਂ ਨਹੀਂ;
- ਆਪਣੇ ਸਾਥੀ ਮੁਲਾਜ਼ਮਾਂ ਨੂੰ ਜੱਥੇਬੰਦ ਕਰਨ ਲਈ ਯੂਨੀਅਨ ਦੀ ਮਦਦ ਕਰਨੀ;
- ਇਹਨਾਂ ਵਿੱਚੋਂ ਕੋਈ ਵੀ ਜਾਂ ਸਾਰੇ ਕੰਮ ਕਰਨ ਤੋਂ ਮਨ੍ਹਾ ਕਰਨਾ।
- ਯੂਨੀਅਨ ਵਲੋਂ ਨਿਰਪੱਖ ਨੁਮਾਇੰਦਗੀ ਕਰਨ ਲਈ

**ਯੂਨੀਅਨ ਤੋਂ ਬਾਹਰੀ ਸਰਗਰਮੀ**

ਯੂਨੀਅਨ ਵਲੋਂ ਨੁਮਾਇੰਦਗੀ ਨਾ ਕੀਤੇ ਜਾਣ ਵਾਲੇ ਮੁਲਾਜ਼ਮਾਂ ਨੂੰ ਵੀ NLRA ਦੇ ਘੇਰੇ ਹੇਠ ਆਉਣ ਦਾ ਹੱਕ ਹੈ। ਖ਼ਾਸ ਤੌਰ 'ਤੇ, ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ (NLRB) "ਸੰਗਠਿਤ ਸਰਗਰਮੀ" ਵਿੱਚ ਸ਼ਾਮਿਲ ਹੋਣ ਲਈ ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਕਰਦਾ ਹੈ, ਇੰਜ ਦੋ ਜਾਂ ਵੱਧ ਮੁਲਾਜ਼ਮਾਂ ਵਲੋਂ ਰੋਜ਼ਗਾਰ ਦੇ ਨੇਮਾਂ ਅਤੇ ਸ਼ਰਤਾਂ ਬਾਰੇ ਆਪਣੀ ਆਪਸੀ ਮਦਦ ਜਾਂ ਰਾਖੀ ਲਈ ਕਾਰਵਾਈ ਕਰਨ ਵੇਲੇ ਹੁੰਦਾ ਹੈ। ਇਕੱਲਾ ਮੁਲਾਜ਼ਮ ਵੀ ਸੁਰੱਖਿਅਤ ਸੰਗਠਿਤ ਸਰਗਰਮੀ ਵਿੱਚ ਵੀ ਸ਼ਾਮਿਲ ਹੋ ਸਕਦਾ ਹੈ,
ਜੇ ਉਹ ਹੋਰਨਾਂ ਮੁਲਾਜ਼ਮਾਂ ਦੇ ਅਖ਼ਤਿਆਰ 'ਤੇ ਕੰਮ ਕਰ ਰਿਹਾ/ਰਹੀ ਹੈ, ਸਮੂਹ ਦੀਆਂ ਸ਼ਿਕਾਇਤਾਂ ਨੌਕਰੀਦਾਤਾ ਦੇ ਸਾਹਮਣੇ ਰੱਖ ਰਿਹਾ/ਰਹੀ ਹੈ, ਸਮੂਹ ਲਈ ਕਾਰਵਾਈ ਕਰਨ ਦੀ ਕੋਸ਼ਿਸ਼ ਕਰ ਰਿਹਾ/ਰਹੀ ਹੈ ਜਾਂ ਸਮੂਹ ਲਈ ਕਾਰਵਾਈ ਵਾਸਤੇ ਤਿਆਰੀ ਕਰਨ ਦੀ ਕੋਸ਼ਿਸ਼ ਕਰ ਰਿਹਾ/ਰਹੀ ਹੈ।

ਸੁਰੱਖਿਅਤ ਸੰਗਠਿਤ ਸਰਗਰਮੀਆਂ ਦੀਆਂ ਕੁਝ ਉਦਾਹਰਣਾਂ ਹਨ:

- ਦੋ ਜਾਂ ਵੱਧ ਮੁਲਾਜ਼ਮ ਆਪਣੀ ਤਨਖ਼ਾਹ ਵਧਾਉਣ ਬਾਰੇ ਆਪਣੇ ਨੌਕਰੀਦਾਤਾ ਨਾਲ ਗੱਲਬਾਤ ਕਰ ਰਹੇ ਹਨ।
- ਦੋ ਜਾਂ ਵੱਧ ਮੁਲਾਜ਼ਮ ਇੱਕ ਦੂਜੇ ਨਾਲ ਤਨਖ਼ਾਹ ਤੋਂ ਅਲਾਵਾ ਸੁਰੱਖਿਆ ਸਬੰਧੀ ਚਿੰਤਾਵਾਂ ਵਰਗੇ ਕੰਮ ਨਾਲ ਜੁੜੇ ਮੁੱਦਿਆਂ ਬਾਰੇ ਵਿਚਾਰ-ਵਟਾਂਦਰਾ ਕਰ ਰਹੇ ਹਨ।
- ਕੰਮ ਵਾਲੀ ਥਾਂ ਦੀਆਂ ਸਥਿਤੀਆਂ ਨੂੰ ਬਿਹਤਰ ਬਣਾਉਣ ਬਾਰੇ ਇੱਕ ਜਾਂ ਵੱਧ ਸਾਥੀ-ਵਰਕਰਾਂ ਵਲੋਂ ਨੌਕਰੀਦਾਤਾ ਨਾਲ ਗੱਲ ਕਰਨ ਵਾਲਾ ਮੁਲਾਜ਼ਮ।

ਹੋਰ ਜਾਣਕਾਰੀ, ਇਸ ਵਿੱਚ ਸੰਗਠਿਤ ਸਰਗਰਮੀ ਸਬੰਧੀ ਕੇਸਾਂ ਦਾ ਵੇਰਵਾ ਸ਼ਾਮਿਲ ਹੈ, ਸੁਰੱਖਿਅਤ ਸੰਗਠਿਤ ਸਰਗਰਮੀ ਬਾਰੇ ਪੇਜ 'ਤੇ ਉਪਲਬਧ ਹੈ।

**ਇਸਦੇ ਘੇਰੇ ਹੇਠ ਕੌਣ ਆਉਂਦਾ ਹੈ?**

ਨਿਜੀ ਖੇਤਰ ਦੇ ਬਹੁਤੇ ਮੁਲਾਜ਼ਮ NLRA ਦੇ ਘੇਰੇ ਹੇਠ ਆਉਂਦੇ ਹਨ। ਹਾਲਾਂਕਿ, ਇਹ ਕਾਨੂੰਨ ਖ਼ਾਸ ਤੌਰ 'ਤੇ ਉਹਨਾਂ ਲੋਕਾਂ ਨੂੰ ਸ਼ਾਮਿਲ ਨਹੀਂ ਕਰਦਾ, ਜੋ:

- ਫ਼ੈਡਰਲ, ਸਟੇਟ ਜਾਂ ਸਥਾਨਕ ਸਰਕਾਰ ਵਲੋਂ ਨੌਕਰੀ ਕਰਦੇ ਹਨ
- ਖੇਤੀਬਾੜੀ ਨਾਲ ਜੁੜੇ ਕਿਰਤੀਆਂ ਵਜੋਂ ਕੰਮ ਕਰਦੇ ਹਨ
- ਘਰ ਵਿੱਚ ਕਿਸੇ ਵਿਅਕਤੀ ਜਾਂ ਪਰਿਵਾਰ ਦੀ ਘਰੇਲੂ ਸੇਵਾ ਵਿੱਚ ਕੰਮ ਕਰਦੇ ਹਨ
- ਮਾਤਾ-ਪਿਤਾ ਜਾਂ ਜੀਵਨ-ਸਾਥੀ ਵਲੋਂ ਕੰਮ ਕਰਦੇ ਹਨ
- ਸੁਤੰਤਰ ਠੇਕੇਦਾਰ ਵਜੋਂ ਕੰਮ ਕਰਦੇ ਹਨ
- ਸੁਪਰਵਾਈਜ਼ਰ ਵਜੋਂ ਕੰਮ ਕਰਦੇ ਹਨ (NLRA ਦੀ ਉਲੰਘਣਾ ਕਰਨ ਤੋਂ ਮਨ੍ਹਾ ਕਰਨ ਬਦਲੇ, ਜਿਹੜੇ ਸੁਪਰਵਾਈਜ਼ਰਾਂ ਨਾਲ ਵਿਤਕਰਾ ਕੀਤਾ ਗਿਆ ਹੈ, ਇਸਦੇ ਘੇਰੇ ਹੇਠ ਆ ਸਕਦੇ ਹਨ)
- ਰੇਲਵੇ ਕਿਰਤ ਕਾਨੂੰਨ ਵਿੱਚ ਆਉਣ ਵਾਲੇ ਨੌਕਰੀਦਾਤਾ ਵਲੋਂ ਕੰਮ ਕਰਦੇ ਹਨ, ਜਿਵੇਂ ਰੇਲਰੋਡਸ ਅਤੇ ਏਅਰਲਾਈਨਸ
- NLRA ਵਿੱਚ ਪਰਿਭਾਸ਼ਤ ਕੀਤੇ ਗਏ ਅਨੁਸਾਰ, ਕਿਸੇ ਹੋਰ ਵਿਅਕਤੀ, ਜੋ ਕਿ ਨੌਕਰੀਦਾਤਾ ਨਹੀਂ ਹੈ, ਵਲੋਂ ਕੰਮ ਕਰਦੇ ਹਨ

ਹੋਰ ਜਾਣਕਾਰੀ ਅਧਿਕਾਰ-ਖੇਤਰ ਦੇ ਮਿਆਰਾਂ ਬਾਰੇ ਪੇਜ 'ਤੇ ਉਪਲਬਧ ਹੈ।

**ਵਾਧੂ ਜਾਣਕਾਰੀ ਲਈ:**

ਜੇ ਤੁਹਾਡੇ ਹੋਰ ਸੁਆਲ ਹਨ:

- ਸਾਡਾ ਅਸਕਰ ਪੁੱਛੇ ਜਾਣ ਵਾਲੇ ਸੁਆਲ (Frequently Asked Questions) ਬਾਰੇ ਪੰਨਾ ਵੇਖੋ।
- ਮੁਲਾਜ਼ਮ ਦੇ ਹੱਕਾਂ ਲਈ ਸੁਰੱਖਿਅਤ ਕਾਨੂੰਨਾਂ ਬਾਰੇ ਸਾਡਾ ਇੰਟਰਐਕਟਿਵ ਸੈਕਸ਼ਨ ਵੇਖੋ।
- ਸਾਡੇ ਸਰਕਾਰੀ ਮਾਮਲਿਆਂ ਬਾਰੇ ਦਫ਼ਤਰ ਨਾਲ 202-273-1991 'ਤੇ ਜਾਂ ਸਾਡੇ 26 ਇਲਾਕਾਈ ਦਫ਼ਤਰਾਂ ਵਿੱਚੋਂ ਇੱਕ ਨਾਲ ਸੰਪਰਕ ਕਰੋ।

ਜੇ ਤੁਸੀਂ ਦੋਸ਼ ਜਾਂ ਪਟੀਸ਼ਨ ਦਾਇਰ ਕਰਨ ਲਈ ਤਿਆਰ ਹੋ, ਤਾਂ ਤੁਸੀਂ NLRB ਦੀ ਇਲੈਕਟ੍ਰੌਨਿਕ ਫ਼ਾਈਲਿੰਗ (ਈ-ਫ਼ਾਈਲ) ਅਰਜ਼ੀ ਰਾਹੀਂ ਇੰਜ ਕਰ ਸਕਦੇ ਹੋ।